# ਇਨਕਲਾਬੀ ਲੋਕ ਨਾਇਕ ਦੀਆਂ ਯਾਦਾਂ

*—ਪਰਮਜੀਤ ਢੀਂਗਰਾ*

ਕੱਸਿਆ ਜਿਸਮ, ਅੱਖਾਂ ਵਿਚ ਬਲਦਾ ਰੋਹ, ਚਿਹਰੇ 'ਤੇ ਅਗਨੀ ਚਮਕ, ਹਵਾ ਵਿਚ ਲਹਿਰਾਉਂਦਾ ਹੱਥ, ਬੋਲਾਂ ਵਿਚੋਂ ਗੂੰਜਦੇ ਇਨਕਲਾਬੀ ਸੁਰ ਇਹ ਚਿੰਨ੍ਹ ਪਛਾਣ ਚਿੰਨ੍ਹ ਹਨ—ਉਸ ਇਨਕਲਾਬੀ ਯੋਧੇ ਦੇ, ਜਿਸ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲੋਕ ਲਹਿਰ ਖੜੀ ਕੀਤੀ ਤੇ ਜਿਸ ਨੂੰ ਸਾਰੇ ਭਾਅ ਜੀ ਕਹਿੰਦੇ ਹਨ। ਭਾਅ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਉਰਫ਼ ਬਾਬਾ ਬੋਲਦਾ—ਇਕ ਅਜਿਹੀ ਸ਼ਕਤੀ ਦੇ ਪ੍ਰਤੀਕ ਹਨ, ਜੋ ਲੋਕ ਮੱਥਿਆਂ ਵਿਚ ਜਵਾਲਾ ਨਾਲ ਖੁਣੇ ਹੋਏ ਹਨ। ਇਸ ਮਰਜੀਵੜੇ ਨੇ ਆਪਣੀ ਸਾਰੀ ਜ਼ਿੰਦਗੀ ਲੋਕ ਘੋਲਾਂ ਅਤੇ ਲੋਕ ਲਹਿਰ ਨੂੰ ਪ੍ਰਣਾਈ ਲੋਕਾਈ ਤੋਂ ਵਾਰ ਦਿੱਤੀ।

ਭਾਅ ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ 1929 ਨੂੰ ਡਾਕਟਰ ਗਿਆਨ ਸਿੰਘ ਦੇ ਘਰ ਮੁਲਤਾਨ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਨੇ ਐੱਮ.ਐੱਸ.ਸੀ. (ਆਨਰਜ਼) ਟੈਕਨੀਕਲ ਕੈਮਿਸਟਰੀ ਤਕ ਵਿਦਿਆ ਪ੍ਰਾਪਤ ਕੀਤੀ। ਮੁਲਤਾਨ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਪੰਜਾਬੀ ਤੇ ਉਰਦੂ ਜ਼ੁਬਾਨਾਂ ਸਿੱਖੀਆਂ। ਬਹੁਤੀ ਵਿਦਿਆ ਖਾਲਸਾ ਸਕੂਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ।

1951 ਵਿਚ ਪੜ੍ਹਾਈ ਖ਼ਤਮ ਕਰਨ ਉਪਰੰਤ ਭਾਖੜਾ ਨੰਗਲ ਵਿਖੇ ਸੀਮਿੰਟ ਦੀ ਲੈਬਾਰਟਰੀ ਵਿਚ ਨੌਕਰੀ ਕੀਤੀ। 19 ਸਤੰਬਰ, 1975 ਨੂੰ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ, ਕਿਉਂਕਿ ਹਿੰਦੋਸਤਾਨੀ ਇਤਿਹਾਸ ਦਾ ਕਾਲਾ ਦੌਰ ਸ਼ੁਰੂ ਹੋ ਚੁੱਕਾ ਸੀ। ਐਮਰਜੈਂਸੀ ਦੇ ਬਿਗਲ ਨੇ ਲੋਕਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ, ਪਰ ਇਨਕਲਾਬੀ ਮੁਹਾਰਾਂ ਕਦ ਮੁੜਦੀਆਂ ਨੇ। ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ। ਫਿਰ ਖਮਿਆਜ਼ਾ ਤਾਂ ਭੁਗਤਣਾ ਹੀ ਪੈਣਾ ਸੀ। ਸਰਕਾਰਾਂ ਬਦਲੀਆਂ ਤੇ ਆਪ ਨੂੰ ਨੌਕਰੀ 'ਤੇ ਮੁੜ ਬਹਾਲ ਕਰ ਦਿੱਤਾ ਗਿਆ। 1981 ਵਿਚ ਉਨ੍ਹਾਂ ਆਪਣੀ ਮਰਜ਼ੀ ਨਾਲ ਰਿਟਾਇਰਮੈਂਟ ਲੈ ਲਈ।

ਨੌਵੀਂ ਜਮਾਤ ਵਿਚ ਪੜ੍ਹਦਿਆਂ ਉਨ੍ਹਾਂ ਦਾ ਸੰਬੰਧ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ ਤੇ ਉਹ ਕਾਰਡ ਹੋਲਡਰ ਬਣ ਗਏ। ਛੋਟੀ ਉਮਰੇ ਮਾਰਕਸੀ ਫ਼ਲਸਫ਼ੇ ਨੂੰ

ਆਤਮਸਾਤ ਕਰ ਲਿਆ ਤੇ ਸਮਝ ਆ ਗਈ ਕਿ ਸਮਾਜ ਵਿਚ ਵਿਤਕਰੇ, ਕਾਣੀ ਵੰਡ, ਵਰਗਾਂ ਵਿਚ ਵੰਡੀ ਲੋਕਾਈ, ਸੰਪਰਦਾਇਕ ਤੇ ਆਰਥਿਕ ਊਚ-ਨੀਚ ਪਿਛਲੇ ਕਰਮਾਂ ਦੀ ਖੇਡ ਨਹੀਂ, ਸਗੋਂ ਸਰਮਾਏਦਾਰੀ ਤਾਕਤਾਂ ਦੇ ਕਾਰਨਾਮੇ ਹਨ, ਜਿਨ੍ਹਾਂ ਨੇ ਲੋਕਾਂ ਨੂੰ ਪਾੜ ਕੇ ਲੋਕਾਈ ਵਿਚੋਂ ਲੋਕਤਾ ਦਾ ਬੀਜ ਨਾਸ ਕਰਨ ਲਈ ਕੋਈ ਕਸਰ ਨਹੀਂ ਛੱਡੀ। ਮੱਥੇ ਵਿਚ ਬੀਜੀ ਇਹ ਜਵਾਲਾ ਹੀ ਸੀ ਜੋ ਸਾਰੀ ਜ਼ਿੰਦਗੀ ਲੋਕਾਂ ਖ਼ਾਤਰ ਮਿਸ਼ਾਲ ਬਣ ਕੇ ਬਲਦੀ ਰਹੀ।

1985 ਵਿਚ ਮੈਂ ਉਨ੍ਹਾਂ ਦੀ ਇਕ ਲੰਬੀ ਇੰਟਰਵਿਊ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਪਰਤ-ਦਰ-ਪਰਤ ਆਪਣੀ ਜ਼ਿੰਦਗੀ ਤੇ ਸੁਪਨਿਆਂ ਦੇ ਰਾਜ਼ ਖੋਲ੍ਹੇ ਸਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਭਾਖੜੇ ਨੌਕਰੀ ਕਰ ਰਹੇ ਸਨ ਤਾਂ ਜਿਉਂ-ਜਿਉਂ ਭਾਖੜਾ ਉਸਰ ਰਿਹਾ ਸੀ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਅਸੀਂ ਦਰਿਆਵਾਂ ਦੇ ਰੁਖ ਤਾਂ ਬਦਲ ਰਹੇ ਹਾਂ, ਪਰ ਸਾਡਾ ਸਮਾਜ ਓਥੇ ਦਾ ਓਥੇ ਖਲੋਤਾ ਹੈ। ਇਹਦੇ ਵਿਚ ਕੋਈ ਤਬਦੀਲੀ ਨਹੀਂ ਆਈ। ਉਦੋਂ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਭਾਵੇਂ ਹਿੰਦੋਸਤਾਨ ਕਿੰਨੀ ਵੀ ਤਰੱਕੀ ਕਿਉਂ ਨਾ ਕਰ ਜਾਵੇ, ਜਿੰਨਾ ਚਿਰ ਇਹਦੇ ਵਿਚ ਸਮਾਜਕ ਤਬਦੀਲੀ ਨਹੀਂ ਆਉਂਦੀ, ਓਨਾ ਚਿਰ ਤਕ ਲੋਕਾਂ ਤਕ ਸਾਇੰਸ ਦਾ ਕੋਈ ਫ਼ਾਇਦਾ ਨਹੀਂ ਪਹੁੰਚਣਾ। ਇਸੇ ਦੌਰਾਨ ਵਾਪਰੀ ਇਕ ਛੋਟੀ ਜਹੀ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ—"ਭਾਖੜਾ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਜਾ ਰਿਹਾ ਸੀ। ਉਥੇ ਕੰਮ ਚੌਵੀ ਘੰਟੇ ਚੱਲਦਾ ਸੀ। ਕੋਈ ਛੁੱਟੀ ਨਹੀਂ ਸੀ ਹੁੰਦੀ। ਅਫ਼ਸਰਾਂ ਨੇ ਕਿਹਾ ਕਿ ਅਗਲੇ ਦਿਨ 8-12 ਵਾਲੀ ਸ਼ਿਫਟ ਵਿਚ ਜ਼ਰੂਰੀ ਕੰਮ ਚਲਾਏ ਜਾਣ ਅਤੇ ਬਾਕੀ ਛੁੱਟੀ ਕੀਤੀ ਜਾਵੇ ਪਰ ਮੈਨੇਜਮੈਂਟ ਨੇ ਇਹ ਗੱਲ ਨਾ ਮੰਨੀ। ਨਤੀਜੇ ਦੇ ਤੌਰ 'ਤੇ ਉਥੇ ਲੋਹੜੀ ਦੀ ਬਹੁਤ ਵੱਡੀ ਹੜਤਾਲ ਹੋਈ। ਇਹ ਗੱਲ 1954 ਦੀ ਹੈ। ਇਥੇ ਹੀ ਉਨ੍ਹਾਂ ਨੇ ਪਹਿਲਾ ਨਾਟਕ 'ਲੋਹੜੀ ਦੀ ਹੜਤਾਲ' ਲਿਖਿਆ ਤੇ ਖੇਡਿਆ।

ਭਾਅ ਜੀ ਦੁਆਰਾ ਲਿਖੇ ਨਾਟਕ ਅਤੇ ਕੀਤੇ ਕੰਮ ਸਾਰੇ ਹੀ ਇਨਕਲਾਬੀ ਸਪਿਰਟ ਨਾਲ ਭਰੇ ਪਏ ਸਨ। ਉਨ੍ਹਾਂ ਨੇ ਨਾਟਕ ਵਰਗੀ ਕਲਾ ਦੀ ਨਬਜ਼ ਪਛਾਣ ਲਈ ਕਿ ਇਹ ਲੋਕਾਂ ਤੇ ਜਾਦੂ ਵਰਗਾ ਅਸਰ ਕਰਦੀ ਹੈ। ਉਨ੍ਹਾਂ ਨੇ ਬਿਨਾਂ ਸਟੇਜ ਰੀਹਰਸਲ, ਲਾਈਟਾਂ ਅਤੇ ਮਿਊਜ਼ਿਕ ਦੇ ਨੁੱਕੜ ਨਾਟਕਾਂ ਦੀ ਨੀਂਹ ਰੱਖੀ। ਇਸ ਨੂੰ ਪ੍ਰਾਚੀਨ ਲੋਕ ਕਲਾ ਵਿਚ ਢਾਲ ਕੇ ਆਪਣਾ ਸੰਦੇਸ਼ ਲੋਕਾਂ ਤਕ ਪਹੁੰਚਾਇਆ। ਨਾਟਕ ਇਕ ਅਜਿਹੀ ਆਦਿ ਕਾਲੀ ਸਾਹਿਤਕ ਕਲਾ ਹੈ, ਜਿਸ ਦਾ ਪ੍ਰਭਾਵ ਚਿਰ ਸਥਾਈ ਅਤੇ ਸੰਦੇਸ਼ ਬੜੇ ਉਤੇਜਕ ਸੁਭਾਅ ਵਾਲਾ ਹੁੰਦਾ ਹੈ। ਇਹੀ ਕਾਰਨ ਸੀ ਕਿ ਪਿੰਡ ਵਿਚ ਇਹ ਲੋਕ ਲਹਿਰ ਦਾ ਰੂਪ ਧਾਰਨ ਕਰ ਗਈ।

1964 ਵਿਚ ਭਾਅ ਜੀ ਨੇ ਅੰਮ੍ਰਿਤਸਰ ਵਿਖੇ ਦੋਸਤਾਂ ਨਾਲ ਰਲ ਕੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਨੀਂਹ ਰੱਖੀ। ਅੱਜ ਇਹ ਸੰਸਥਾ ਨਾਟਕਾਂ ਦੀ ਉੱਘੀ ਸੰਸਥਾ

ਹੈ। ਇਸ ਨੇ ਥੀਏਟਰ ਨੂੰ ਕਸਬੀ ਪੱਧਰ 'ਤੇ ਅਪਣਾਇਆ। ਇਸ ਸੰਸਥਾ ਦਾ ਉਦੇਸ਼ ਸੀ ਕਿ ਚੰਗੇ, ਅਗਾਂਹਵਧੂ ਨਾਟਕਾਂ ਦੀ ਪੇਸ਼ਕਾਰੀ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਨਾ ਤਾਂ ਜੋ ਸਰਮਾਏਦਾਰੀ ਤਾਕਤਾਂ ਦੇ ਖ਼ਿਲਾਫ਼ ਭਰਵੀਂ ਮੋਰਚੇਬੰਦੀ ਕੀਤੀ ਜਾ ਸਕੇ। 1976 ਵਿਚ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ 1976 ਆ ਗਿਆ। ਮੈਨੂੰ ਜੰਮੂ ਯੂਨੀਵਰਸਿਟੀ ਵਾਲਿਆਂ ਨੇ ਨਾਟਕ ਕਰਨ ਲਈ ਬੁਲਾਇਆ। 19 ਸਤੰਬਰ ਨੂੰ ਜਦੋਂ ਅਸਾਂ ਇਹ ਨਾਟਕ ਖੇਡਿਆ ਤਾਂ ਉਥੇ ਦਰਸ਼ਕਾਂ ਵਿਚ ਗਿਆਨੀ ਜੈਲ ਸਿੰਘ ਅਤੇ ਸ਼ੇਖ਼ ਅਬਦੁੱਲਾ ਵੀ ਬੈਠੇ ਸਨ। ਗਿਆਨੀ ਜੀ ਆਪ ਹੀ ਨਹੀਂ ਸਗੋਂ ਉਨ੍ਹਾਂ ਦਾ ਸਾਰਾ ਅਮਲਾ ਫੈਲਾ ਵੀ ਆਇਆ ਹੋਇਆ ਸੀ। ਉਨ੍ਹਾਂ ਨੇ ਗੱਲ ਸਮਝ ਲਈ ਕਿ ਕਰਦਾ ਤਾਂ ਇਹ ਨਾਟਕ ਹੈ, ਪਰ ਹਮਲਾ ਐਮਰਜੰਸੀ 'ਤੇ ਕਰਦਾ ਹੈ। ਸਰਹੰਦ ਦੀ ਘਟਨਾ ਪੇਸ਼ ਕਰਦਿਆਂ ਮੈਂ ਇਹ ਗੱਲ ਕਹਿੰਦਾ ਸੀ ਕਿ ਜਦੋਂ ਬੱਚੇ ਨੀਂਹਾਂ ਵਿਚ ਚਿਣੇ ਜਾ ਰਹੇ ਸਨ ਤਾਂ ਸਰਹੰਦ ਦੇ ਲੋਕ ਕਿਥੇ ਸਨ ? ਤਮਾਸ਼ਾਈ ਬਣ ਕੇ ਉਨ੍ਹਾਂ ਨੇ ਸਭ ਕੁਝ ਵੇਖਿਆ ਤੇ ਉਨ੍ਹਾਂ ਨੂੰ ਇਹਦੀ ਵੱਡੀ ਕੀਮਤ ਚੁਕਾਉਣੀ ਪਈ। ਬੰਦੇ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਅੱਜ ਵੀ ਬੰਦੇ ਬਹਾਦਰ ਜਿਉਂਦੇ ਨੇ। ਅੱਜ ਦੇ ਵਜੀਦਿਆਂ (ਵਜ਼ੀਦ ਖਾਨ, ਸਰਹੰਦ ਦਾ ਹਾਕਮ) ਨੂੰ ਉਹ ਪਛਾਣਦੇ ਨੇ। ਤੇ ਉਨ੍ਹਾਂ ਨੂੰ ਇਕਦਮ ਖੁੜਕ ਗਈ। ਜਦੋਂ ਅਸੀਂ ਅੰਮ੍ਰਿਤਸਰ ਪਹੁੰਚੇ ਤਾਂ ਵਾਰੰਟ ਜਾਰੀ ਹੋ ਗਏ ਅਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੰਜ ਉਹ ਅਵਾਮ ਪ੍ਰਤੀ ਪ੍ਰਤੀਬੱਧ ਧਾਰਨਾ ਵਿਚ ਬੱਝੇ ਹੋਏ ਸਨ। ਸਰਕਾਰਾਂ ਨੂੰ ਉਹ ਆਪਣੀ ਕਲਾ ਰਾਹੀਂ ਵੰਗਾਰਦੇ ਸਨ ਤੇ ਲੋਕਾਂ ਨੂੰ ਰਣ ਤੱਤੇ ਵਿਚ ਜੂਝਣ ਲਈ ਜਿਥੇ ਸੱਦਾ ਦਿੰਦੇ ਸਨ, ਉਥੇ ਆਪ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਸਨ ਹਟਦੇ।

ਬੰਬਈ ਦੇ ਸਭ ਤੋਂ ਵੱਡੇ ਹਾਲ ਸਨਮੁਖਾਨੰਦਾ ਵਿਚ ਆਪਣੇ ਖੇਡੇ ਨਾਟਕੀ 'ਚਾਂਦਨੀ ਚੌਕ ਤੋਂ ਸਰਹੰਦ ਤਕ' ਬਾਰੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਹਾਲ ਵਿਚ ਨਾਟਕ ਰੌਸ਼ਨੀਆਂ, ਪਰਦਿਆਂ ਆਦਿ ਦੇ ਪ੍ਰਭਾਵ ਹੇਠ ਖੇਡੇ ਜਾਂਦੇ ਸਨ। ਉਨ੍ਹਾਂ ਦਾ ਨਾਟਕ ਵੇਖਣ ਲਈ ਪ੍ਰਸਿੱਧ ਫਿਲਮੀ ਹੀਰੋ ਦਲੀਪ ਕੁਮਾਰ ਵੀ ਆਇਆ ਹੋਇਆ ਸੀ ਤੇ ਜਦੋਂ ਉਨ੍ਹਾਂ ਨੇ ਆਪਣਾ ਨਾਟਕ ਸਾਫ਼ ਕਾਲੇ ਪਰਦੇ ਦੇ ਸਾਹਮਣੇ ਸ਼ੁਰੂ ਕੀਤਾ ਤਾਂ ਅੱਗੋਂ-ਪਿੱਛੋਂ ਇਹੋ ਜਿਹੀਆਂ ਆਵਾਜ਼ਾਂ ਆਈਆਂ ਜਿਵੇਂ ਕਿਸੇ ਦਾ ਮਖ਼ੌਲ ਉਡਾਇਆ ਜਾ ਰਿਹਾ ਹੋਵੇ ਤਾਂ ਮੈਂ ਬੋਲਣਾ ਸ਼ੁਰੂ ਕੀਤਾ, "ਮੈਨੂੰ ਇਤਿਹਾਸ ਕਹਿੰਦੇ ਨੇ ਮੈਂ ਹਰ ਯੁੱਗ ਵਿਚ ਹਾਜ਼ਰ ਰਿਹਾ ਹਾਂ।" ਤੇ ਮੈਂ ਆਪਣੀ ਆਵਾਜ਼ ਨੂੰ ਇਕ ਮਿੰਟ ਵਿਚ ਪੂਰਾ ਫੈਲਾਇਆ। ਜਦੋਂ ਮੈਂ ਨਾਟਕ ਕਰਕੇ ਹਟਿਆ ਤਾਂ ਦਲੀਪ ਕੁਮਾਰ ਸਟੇਜ 'ਤੇ ਆਇਆ। ਥੋੜ੍ਹੀ ਜਹੀ ਪੀਤੀ ਹੁੰਦੀ ਹੈ ਇਨ੍ਹਾਂ ਲੋਕਾਂ ਨੇ, ਕੁਝ ਭਾਵੁਕ ਵੀ ਸੀ। ਕਹਿਣ ਲੱਗਿਆ—ਸਰਦਾਰ ਸਾਹਿਬ, ਸੁਨਾ ਕਰਤੇ ਥੇ ਕਿ ਸ਼ੈਕਸਪੀਅਰ ਕੇ ਜ਼ਮਾਨੇ ਮੇਂ ਲੋਕ ਬਿਲਕੁਲ ਬਲੈਕ ਕਰਟਨ ਕੇ ਆਗੇ ਆ ਕਰ

ਨਾਟਕ ਕੀਆ ਕਰਤੇ ਥੇ ਔਰ ਘੰਟਾ ਭਰ ਲੋਗੋਂ ਕੋ ਸਪੈਲ-ਬਾਊਂਡ ਰਖਤੇ ਥੇ। ਆਜ ਇਸ ਹਾਲ ਮੇਂ ਹਮ ਨੇ ਫਿਰ ਦੇਖਾ। ਹਮ ਆਪਕੇ ਆਗੇ ਸਰ ਝੁਕਾਤੇ ਹੈ। ਆਪ ਬਹੁਤ ਬੜੇ ਕਲਾਕਾਰ ਹੈਂ।" ਇਹ ਸੀ ਉਨ੍ਹਾਂ ਦੀ ਕਲਾ ਤੇ ਨਾਟਕਾਂ ਦੀ ਪੇਸ਼ਕਾਰੀ ਦਾ ਪ੍ਰਭਾਵ, ਜੋ ਸਰੋਤਿਆਂ ਨੂੰ ਕੀਲ ਲੈਂਦਾ ਸੀ। ਉਨ੍ਹਾਂ ਦੇਸ਼-ਵਿਦੇਸ਼ ਵਿਚ ਜਿੰਨੇ ਨਾਟਕ ਖੇਡੇ ਅਤੇ ਲੋਕਾਂ ਦਾ ਇਕ ਵੱਡਾ ਕਾਫ਼ਲਾ ਤਿਆਰ ਕੀਤਾ—ਇਹ ਬੇਮਿਸਾਲ ਪ੍ਰਾਪਤੀ ਹੈ।

ਉਨ੍ਹਾਂ ਦਾ ਕੀਤਾ ਇਕ ਹੋਰ ਯਾਦਗਾਰੀ ਕੰਮ ਬੜਾ ਵਿਲੱਖਣ ਹੈ। ਜਦੋਂ 1980 ਵਿਚ ਬਲਰਾਜ ਸਾਹਨੀ ਹੋਰਾਂ ਨੂੰ ਭਾਸ਼ਾ ਵਿਭਾਗ ਵੱਲੋਂ 5100 ਰੁਪਏ ਦਾ ਸਨਮਾਨ ਮਿਲਿਆ ਤਾਂ ਉਨ੍ਹਾਂ ਇਹ ਪੈਸਾ ਭਾਅ ਜੀ ਨੂੰ ਫੜਾ ਦਿੱਤਾ। ਬਦਕਿਸਮਤੀ ਨਾਲ ਉਨ੍ਹਾਂ ਦੀ ਜਲਦੀ ਮੌਤ ਹੋ ਗਈ। ਬਲਰਾਜ ਸਾਹਨੀ ਦੀ ਮੌਤ ਉਪਰੰਤ 2000 ਰੁਪਿਆ ਉਨ੍ਹਾਂ ਦੇ ਪ੍ਰੀਤਨਗਰ ਵਾਲੇ ਮਕਾਨ ਦੀ ਮੁਰੰਮਤ 'ਤੇ ਖਰਚ ਕਰ ਦਿੱਤਾ ਤੇ ਬਾਕੀ ਪੈਸੇ ਵਿਚੋਂ ਪਾਸ਼ ਦੀ 'ਲੋਹ ਕਥਾ' ਤੇ ਸੰਤ ਸੰਧੂ ਦੀ 'ਸੀਸ ਤਲੀ 'ਤੇ' ਦੋ ਪੁਸਤਕਾਂ ਸਸਤੇ ਸਾਹਿਤ ਵਜੋਂ ਛਾਪ ਕੇ ਲੋਕਾਂ ਵਿਚ ਭੇਜੀਆਂ। ਇਨ੍ਹਾਂ ਦੀ ਵਿਕਰੀ ਹੋਈ, ਚੰਗਾ ਹੁੰਗਾਰਾ ਮਿਲਿਆ ਤਾਂ ਉਨ੍ਹਾਂ ਨੇ ਇਹਦਾ ਨਾਂ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਰੱਖਿਆ, ਜਿਸ ਨੇ ਹੁਣ ਤਕ ਚੰਗੀਆਂ ਪੁਸਤਕਾਂ ਵਾਜਬ ਮੁੱਲ 'ਤੇ ਲੋਕਾਂ ਨੂੰ ਦਿੱਤੀਆਂ। ਹਰ ਨਾਟਕ ਕਰਨ ਵੇਲੇ ਪੁਸਤਕਾਂ ਦਾ ਸਟਾਲ ਲੱਗਦਾ ਤੇ ਹੱਥੋਂ-ਹੱਥ ਵਿਕ ਜਾਂਦੀਆਂ। ਇਹ ਉਨ੍ਹਾਂ ਦਾ ਮਿਸ਼ਨ ਸੀ ਕਿ ਚੰਗਾ ਸਾਹਿਤ ਘੱਟ ਕੀਮਤ 'ਤੇ ਲੋਕਾਂ ਨੂੰ ਪੜ੍ਹਨ ਲਈ ਮਿਲੇ।

ਅਜਿਹੇ ਲੋਕ ਨਾਇਕ ਦਾ ਚਲਾਣਾ ਬੜਾ ਦੁਖਦਾਈ ਹੈ। ਪਰ ਅਗਾਂਹਵਧੂ ਧਿਰਾਂ ਨਾਲ ਜੁੜ ਕੇ ਉਨ੍ਹਾਂ ਨੇ ਜੋ ਕਾਫ਼ਲਾ ਬਣਾਇਆ, ਉਨ੍ਹਾਂ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਭਾਅ ਜੀ ਦੇ ਕੀਤੇ ਕੰਮਾਂ ਨੂੰ ਇਕ ਜਗਦੀ ਮਸ਼ਾਲ ਵਾਂਗ ਅੱਗੇ ਲੈ ਜਾਈਏ। ਇਹੀ ਉਸ ਮਹਾਂਪੁਰਸ਼ ਲਈ ਸਭ ਤੋਂ ਵੱਡੀ ਖੈਰਾਜੇ ਅਕੀਦਤ ਹੋਵੇਗੀ।